# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

## 13:40

**ਮਿਤੀ :18-09-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਭੂਟਾਨ ਦੇ ਵਿਕਾਸ ਸੰਬੰਧੀ ਟੀਚਿਆਂ ਅਤੇ ਤਰਜੀਹਾਂ ਪ੍ਰਤੀ ਭਾਰਤ ਦੇ ਸਮਰਥਨ ਦੀ ਪੁਸ਼ਟੀ ਕੀਤੀ ਏ।

- ਘੱਟ ਗਿਣਤੀ ਮਾਮਲਿਆਂ ਬਾਰੇ ਕੇਂਦਰੀ ਮੰਤਰੀ ਕਿਰੇਨ ਰਿਜੀਜੂ ਨੇ ਨਾਗਰਿਕਾਂ ਨੂੰ ਇੱਕ ਖੁਸ਼ਹਾਲ, ਮਜ਼ਬੂਤ ਅਤੇ ਵਿਕਸਿਤ ਭਾਰਤ ਦੇ ਨਿਰਮਾਣ ਲਈ ਆਪਣੇ ਆਪ ਨੂੰ ਸਮਰਪਿਤ ਕਰਨ ਦਾ ਸੱਦਾ ਦਿੱਤਾ ਏ।

- ਭਾਰਤੀ ਜਨਤਾ ਪਾਰਟੀ ਅੱਜ ਤੋਂ ਪੂਰੇ ਪੰਜਾਬ ਵਿੱਚ ਨਸ਼ਾ ਮੁਕਤ ਪੰਜਾਬ ਯਾਤਰਾਵਾਂ ਸ਼ੁਰੂ ਕਰ ਰਹੀ ਏ।

- ਆਲਮੀ ਰੇਟਿੰਗ ਏਜੰਸੀ, ਮੂਡੀਜ਼ ਨੇ ਮੌਜੂਦਾ ਵਿੱਤੀ ਸਾਲ ਲਈ, ਭਾਰਤ ਦੀ ਅਸਲ ਜੀ.ਡੀ.ਪੀ ਵਿਕਾਸ ਦਰ ਅਨੁਮਾਨ ਨੂੰ 6 ਫ਼ੀਸਦੀ ਤੋਂ ਵਧਾ ਕੇ, 7 ਫ਼ੀਸਦੀ ਕਰ ਦਿੱਤਾ ਏ।

- ਭਾਰਤ, ਜਾਪਾਨ ਨੂੰ 8 ਵਿਕਟਾਂ ਨਾਲ ਹਰਾ ਕੇ, ਏਸ਼ੀਅਨ ਖੇਡਾਂ ਦੇ ਮਹਿਲਾ ਕ੍ਰਿਕੇਟ ਦੇ ਸੈਮੀਫਾਈਨਲ ਵਿੱਚ ਪਹੁੰਚ ਗਿਆ ਏ।

### *ਹੁਣ ਖਬਰਾਂ ਵਿਸਥਾਰ ਨਾਲ*

ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਭੂਟਾਨ ਦੇ ਵਿਕਾਸ ਸੰਬੰਧੀ ਟੀਚਿਆਂ ਅਤੇ ਤਰਜੀਹਾਂ ਪ੍ਰਤੀ ਭਾਰਤ ਦੇ ਸਮਰਥਨ ਦੀ ਪੁਸ਼ਟੀ ਕੀਤੀ ਏ। ਆਪਣੇ ਭੂਟਾਨ ਦੇ ਦੌਰੇ ਦੌਰਾਨ, ਡਾ. ਜੈਸ਼ੰਕਰ ਨੇ ਭੂਟਾਨ ਦੇ ਵਿਦੇਸ਼ ਮੰਤਰੀ, ਲਿੰਪੋ ਡੀ.ਐਲ. ਧੁੰਗਿਅਲ ਨਾਲ ਦੁਵੱਲੇ ਸਹਿਯੋਗ ਦੇ ਸਾਰੇ ਪਹਿਲੂਆਂ ਅਤੇ ਆਪਸੀ ਹਿੱਤ ਦੇ ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਇੱਕ ਸਮੀਖਿਆ ਮੀਟਿੰਗ ਕੀਤੀ। ਦੋਵਾਂ ਦੇਸ਼ਾਂ ਨੇ ਭਾਰਤ-ਭੂਟਾਨ ਭਾਈਵਾਲੀ ਨੂੰ ਮਜ਼ਬੂਤ ਕਰਨ ਵਿੱਚ ਹੋਈ ਪ੍ਰਗਤੀ ਦੀ ਸ਼ਲਾਘਾ ਕੀਤੀ।

ਸ਼੍ਰੀ ਜੈਸ਼ੰਕਰ ਅਤੇ ਸ਼੍ਰੀ ਧੁੰਗਿਆਲ ਨੇ ਕਈ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਅਤੇ ਨੀਂਹ ਪੱਥਰ ਰੱਖਿਆ। ਭਾਰਤ ਨੇ ਭੂਟਾਨ ਸਰਕਾਰ ਨੂੰ 54 ਇਲੈਕਟ੍ਰਿਕ ਵਾਹਨ ਵੀ ਸੌਂਪੇ। ਦੋਵਾਂ ਮੰਤਰੀਆਂ ਨੇ 500-ਕਿਲੋਵਾਟ ਲੂਨਾਨਾ ਪਣ-ਬਿਜਲੀ ਪ੍ਰੋਜੈਕਟ ਦਾ ਵੀ ਨੀਂਹ ਪੱਥਰ ਰੱਖਿਆ।

ਮੀਟਿੰਗ ਵਿੱਚ, ਦੋਵਾਂ ਦੇਸ਼ਾਂ ਨੇ ਮਾਰਚ 2024 ਵਿੱਚ ਹੋਏ ਊਰਜਾ ਭਾਈਵਾਲੀ ਦੇ ਸਾਂਝੇ ਦ੍ਰਿਸ਼ਟੀਕੋਣ ਦੇ ਲਾਗੂਕਰਨ 'ਤੇ ਸੰਤੁਸ਼ਟੀ ਪ੍ਰਗਟ ਕੀਤੀ। ਦੋਵਾਂ ਦੇਸ਼ਾਂ ਨੇ ਭੂਟਾਨ ਵਿੱਚ ਊਰਜਾ ਪ੍ਰੋਜੈਕਟਾਂ ਲਈ 4,000 ਕਰੋੜ ਰੁਪਏ ਦੀ ਰਿਆਇਤੀ ਕਰਜ਼ਾ ਸਹੂਲਤ 'ਤੇ ਸਮਝੌਤੇ ਦਾ ਸਵਾਗਤ ਕੀਤਾ। ਉਨ੍ਹਾਂ ਨੇ ਭੂਟਾਨ ਦੇ ਪਣਬਿਜਲੀ ਪ੍ਰੋਜੈਕਟਾਂ ਵਿੱਚ ਭਾਰਤੀ ਕੰਪਨੀਆਂ ਦੀ ਸਰਗਰਮ ਹਿੱਸੇਦਾਰੀ ਦਾ ਵੀ ਸਵਾਗਤ ਕੀਤਾ।

ਸ਼੍ਰੀ ਜੈਸ਼ੰਕਰ ਅਤੇ ਸ਼੍ਰੀ ਧੁੰਗਿਅਲ ਨੇ UPI-ਅਧਾਰਤ ਸਹੂਲਤ ਦੀ ਸ਼ੁਰੂਆਤ ਦਾ ਵੀ ਸਵਾਗਤ ਕੀਤਾ, ਜੋ ਭੂਟਾਨ ਦੇ ਨਾਗਰਿਕਾਂ ਨੂੰ ਮੋਬਾਈਲ ਐਪਲੀਕੇਸ਼ਨਾਂ ਰਾਹੀਂ ਭਾਰਤ ਵਿੱਚ ਡਿਜੀਟਲ ਭੁਗਤਾਨ ਕਰਨ ਦੇ ਯੋਗ ਬਣਾਏਗੀ।

ਦੌਰੇ ਦੌਰਾਨ ਡਾ. ਜੈਸ਼ੰਕਰ ਨੇ ਭੂਟਾਨ ਦੇ ਰਾਜਾ, ਜਿਗਮੇ ਖੇਸਰ ਨਾਮਗਾਇਲ ਵਾਂਗਚੱਕ ਅਤੇ ਪ੍ਰਧਾਨ ਮੰਤਰੀ ਦਾਸ਼ੋ ਸ਼ੇਰਿੰਗ ਤੋਬਗੇ ਨਾਲ ਵੀ ਮੁਲਾਕਾਤ ਕੀਤੀ।

---------------------------------------------------------------

ਰੱਖਿਆ ਮੰਤਰੀ ਰਾਜਨਾਥ ਸਿੰਘ ਅੱਜ ਕਰਨਾਟਕ ਦੀ ਰਾਜਧਾਨੀ ਬੈਂਗਲੁਰੂ ਵਿੱਚ ਹਿੰਦੁਸਤਾਨ ਏਅਰੋਨਾਟਿਕਸ ਲਿਮਟਿਡ-ਐੱਚਏਐੱਲ ਦੇ ਜਹਾਜ਼ਾਂ ਅਤੇ ਹੈਲੀਕਾਪਟਰਾਂ ਨੂੰ ਭਾਰਤੀ ਹਵਾਈ ਫੌਜ ਅਤੇ ਪਵਨ ਹੰਸ ਨੂੰ ਸੌਂਪੇ ਜਾਣ ਦੇ ਪ੍ਰੋਗਰਾਮ ਵਿੱਚ ਸ਼ਾਮਲ ਹੋਣਗੇ। ਪ੍ਰੋਗਰਾਮ ਦੌਰਾਨ 2 ਹਲਕੇ ਲੜਾਕੂ ਐੱਫਓਸੀ ਟ੍ਰੇਨਰ ਜਹਾਜ਼ ਅਤੇ ਪਹਿਲਾ ਹਿੰਦੁਸਤਾਨ ਟਰਬੋ

ਟ੍ਰੇਨਰ-ਐੱਚਟੀਟੀ 40 ਬੇਸਿਕ ਟ੍ਰੇਨਰ ਜਹਾਜ਼ ਹਵਾਈ ਫੌਜ ਨੂੰ ਅਤੇ ਚਾਰ ਧਰੁਵ ਨੈਕਸਟ ਜਨਰੇਸ਼ਨ ਹੈਲੀਕਾਪਟਰ ਪਵਨ ਹੰਸ ਨੂੰ ਸੌਂਪੇ ਜਾਣੇ ਨੇ।

ਐੱਚਟੀਟੀ 40 ਜਹਾਜ਼ ਦੇ ਹਵਾਈ ਫੌਜ ਵਿੱਚ ਸ਼ਾਮਲ ਹੋਣ ਨਾਲ ਫੌਜੀ ਪਾਇਲਟ ਸਿਖਲਾਈ ਵਿੱਚ ਭਾਰਤ ਦੀ ਸਵੈ-ਨਿਰਭਰਤਾ ਮਜ਼ਬੂਤ ਹੋਵੇਗੀ। ਇਹ ਜਹਾਜ਼ ਦੇਸ਼ ਵਿਚ ਵਿਕਸਤ ਕੀਤਾ ਗਿਆ ਏ ਤੇ ਆਧੁਨਿਕ ਕਾਕਪਿਟ ਨਾਲ ਲੈਸ ਏ। ਧਰੁਵ ਨੈਕਸਟ ਜਨਰੇਸ਼ਨ ਹੈਲੀਕਾਪਟਰ ਭਾਰਤ ਦਾ ਪਹਿਲਾ ਸਵਦੇਸ਼ੀ ਤੌਰ ’ਤੇ ਤਿਆਰ ਗੈਰ-ਫੌਜੀ ਹੈਲੀਕਾਪਟਰ ਏ, ਜੋ ਉਡਾਣ ਸੁਰੱਖਿਆ ਮਾਪਦੰਡਾਂ-ਏਐੱਸ-4 ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦਾ ਏ। ਇਹ ਸਮੁੰਦਰੀ ਤੱਟ ਤੋਂ ਦੂਰ ਦੁਰਾਡੇ ਦੀਆਂ ਮੁਹਿੰਮਾਂ ਲਈ ਢੁਕਵਾਂ ਏ।

---

ਘੱਟ ਗਿਣਤੀ ਮਾਮਲਿਆਂ ਬਾਰੇ ਕੇਂਦਰੀ ਮੰਤਰੀ ਕਿਰੇਨ ਰਿਜੀਜੂ ਨੇ ਨਾਗਰਿਕਾਂ ਨੂੰ ਇੱਕ ਖੁਸ਼ਹਾਲ, ਮਜ਼ਬੂਤ ਅਤੇ ਵਿਕਸਿਤ ਭਾਰਤ ਦੇ ਨਿਰਮਾਣ ਲਈ ਆਪਣੇ ਆਪ ਨੂੰ ਸਮਰਪਿਤ ਕਰਨ ਦਾ ਸੱਦਾ ਦਿੱਤਾ ਏ। ਉਨ੍ਹਾਂ ਇਹ ਬਿਆਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮਦਿਨ ਮੌਕੇ ਨਵੀਂ ਦਿੱਲੀ ਵਿੱਚ ਆਯੋਜਿਤ ਸੇਵਾ ਸੰਕਲਪ ਅਭਿਆਨ ਨੂੰ ਸੰਬੋਧਨ ਕਰਦਿਆਂ ਦਿੱਤਾ। ਸ੍ਰੀ ਰਿਜੀਜੂ ਨੇ ਕਿਹਾ ਕਿ ਭਾਰਤ ਨੇ ਬੁਨਿਆਦੀ ਢਾਂਚੇ, ਸੰਪਰਕ ਅਤੇ ਖੁਰਾਕ ਸੁਰੱਖਿਆ ਵਿੱਚ ਮਹੱਤਵਪੂਰਨ ਬਦਲਾਅ ਦੇਖੇ ਨੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਭਾਰਤ ਬਦਲ ਰਿਹਾ ਏ। ਸ੍ਰੀ ਰਿਜੀਜੂ ਨੇ ਕਿਹਾ ਕਿ ਦੂਰ-ਦੁਰਾਡੇ ਸਰਹੱਦੀ ਖੇਤਰ ਹੁਣ

ਮੋਟਰ ਵਾਹਨਾਂ ਵੱਲੋਂ ਪਹੁੰਚਯੋਗ ਨੇ, ਜਦੋਂ ਕਿ 80 ਕਰੋੜ ਤੋਂ ਵੱਧ ਲੋਕ ਮੁਫਤ ਅਨਾਜ ਅਤੇ ਹੋਰ ਜ਼ਰੂਰੀ ਵਸਤੂਆਂ ਪ੍ਰਾਪਤ ਕਰ ਰਹੇ ਨੇ।

ਸ਼੍ਰੀ ਰਿਜੀਜੂ ਨੇ ਕਿਹਾ ਕਿ ਘੱਟ ਗਿਣਤੀ ਮਾਮਲਿਆਂ ਦਾ ਮੰਤਰਾਲਾ, ਇਹ ਯਕੀਨੀ ਬਣਾਉਣ ਲਈ ਕੰਮ ਕਰ ਰਿਹਾ ਏ ਕਿ ਇਸਦੀਆਂ ਯੋਜਨਾਵਾਂ ਘੱਟ ਗਿਣਤੀ ਭਾਈਚਾਰਿਆਂ ਤੱਕ ਬਰਾਬਰ ਪਹੁੰਚ ਸਕਣ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵਿਕਾਸ ਪਹਿਲਕਦਮੀਆਂ ਦਾ ਉਦੇਸ਼ ਹਰ ਭਾਰਤੀ ਨੂੰ ਲਾਭ ਪਹੁੰਚਾਉਣਾ ਏ।

**BYTE: KIREN RIJIJU**

---------------------------------------------------------

ਭਾਰਤੀ ਜਨਤਾ ਪਾਰਟੀ ਪੰਜਾਬ ਅੱਜ ਪਠਾਨਕੋਟ ਤੋਂ ਪੰਜਾਬ ਵਿੱਚ ਸੂਬਾ ਪੱਧਰੀ "ਨਸ਼ਾ ਮੁਕਤ ਪੰਜਾਬ ਯਾਤਰਾਵਾਂ" ਦੀ ਸ਼ੁਰੂਆਤ ਕਰ ਰਹੀ ਏ। ਪਾਰਟੀ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਤੇ ਹੋਰ ਆਗੂਆਂ ਨਾਲ ਮਾਧੋਪੁਰ ਤੋਂ ਇਸ ਯਾਤਰਾ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਨਗੇ, 13 ਦਿਨਾਂ ਲੰਬੀ ਇਹ ਯਾਤਰਾ ਅੱਜ ਤੋਂ ਚਾਰ ਪੜਾਵਾਂ ਵਿੱਚ ਸ਼ੁਰੂ ਕੀਤੀ ਜਾ ਰਹੀ ਏ। ਇਹ ਯਾਤਰਾ ਸੂਬੇ ਵਿੱਚ ਲਗਭਗ 4,000 ਕਿਲੋਮੀਟਰ ਦਾ ਸਫ਼ਰ ਤੈਅ ਕਰੇਗੀ ਤੇ ਸਾਰੇ 117 ਵਿਧਾਨ ਸਭਾ ਹਲਕਿਆਂ ਵਿੱਚ ਨਸ਼ਿਆਂ ਖ਼ਿਲਾਫ਼ ਲੜਾਈ ਨੂੰ ਇੱਕ ਵੱਡੇ ਜਨ ਅੰਦੋਲਨ ਵਿੱਚ ਬਦਲਣ ਲਈ ਜਨਤਾ ਨੂੰ ਲਾਮਬੰਦ ਕਰੇਗੀ। ਇਹ ਯਾਤਰਾ 30 ਸਤੰਬਰ ਨੂੰ ਜਲੰਧਰ ਵਿਖੇ ਸਮਾਪਤ ਹੋਵੇਗੀ। ਇਸ ਦੌਰਾਨ ਸਾਬਕਾ ਰੇਲ

ਰਾਜ ਮੰਤਰੀ ਤੇ ਭਾਜਪਾ ਦੇ ਸੀਨੀਅਰ ਆਗੂ ਰਵਨੀਤ ਸਿੰਘ ਬਿੱਟੂ ਦੇ ਕਾਫ਼ਲੇ ’ਤੇ  ਕੁਝ ਲੋਕਾਂ ਵੱਲੋਂ ਅੰਡਿਆਂ ਤੇ ਟਮਾਟਰਾਂ ਵੇਂ ਹਮਲਾ ਕੀਤਾ ਗਿਆ। ਹਾਲਾਂਕਿ ਉਹਨਾਂ ਦੇ ਸੁਰੱਖਿਆ ਕਰਮੀਆਂ ਦੀ ਮਦਦ ਨਾਲ ਤਿੰਨ ਵਿਅਕਤੀਆਂ ਨੂੰ ਕਾਬੂ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਏ। ਇਸ ਸਬੰਧੀ ਹੋਰ ਵੇਰਵਿਆਂ ਦੀ ਉਡੀਕ ਏ । ਇਸੇ ਦੌਰਾਨ ਪੰਜਾਬ ਭਾਜਪਾ ਦੇ ਪਰਧਾਨ ਕੇਵਲ ਸਿੰਘ ਢਿੱਲੋਂ ਨੇ ਇਸ ਹਮਲੇ ਦੀ ਨਿਖੇਧੀ ਕਰਦਿਆਂ ਪੰਜਾਬ ਪੁਲਿਸ ਮੁਖੀ ਨੂੰ ਇਹਨਾਂ ਲੋਕਾਂ ਖਿਲਾਫ ਕਰਵਾਈ ਕਰਨ ਦੀ ਮੰਗ ਕੀਤੀ ਏ।

---------------------------------------------------------

ਆਲਮੀ ਰੇਟਿੰਗ ਏਜੰਸੀ ਮੂਡੀਜ਼ ਨੇ ਮੌਜੂਦਾ ਵਿੱਤੀ ਸਾਲ ਲਈ ਭਾਰਤ ਦੀ ਅਸਲ ਜੀਡੀਪੀ ਵਿਕਾਸ ਦਰ ਦੀ ਭਵਿੱਖਬਾਣੀ 6 ਫੀਸਦੀ ਤੋਂ ਵਧਾ ਕੇ 7 ਫੀਸਦੀ ਕਰ ਦਿੱਤੀ ਏ। ਏਜੰਸੀ ਨੇ ਕਿਹਾ ਕਿ ਇਹ ਸੋਧ ਪੱਛਮੀ ਏਸ਼ੀਆ ਵਿੱਚ ਟਕਰਾਅ ਕਾਰਨ ਪੈਦਾ ਹੋਈ ਬੇਯਕੀਨੀ ਵਿਚਾਲੇ ਭਾਰਤੀ ਅਰਥਚਾਰੇ ਦੀ ਮਜ਼ਬੂਤੀ ਨੂੰ ਦਰਸਾਉਂਦੀ ਏ। ਏਜੰਸੀ ਨੇ ਉਮੀਦ ਪ੍ਰਗਟ ਕੀਤੀ ਕਿ ਭਾਰਤ ਹੋਰ ਸਾਰੀਆਂ ਜੀ-20 ਅਰਥਚਾਰਿਆਂ ਨਾਲੋਂ ਤੇਜ਼ੀ ਨਾਲ ਵਿਕਾਸ ਕਰਦਾ ਰਹੇਗਾ। ਮੂਡੀਜ਼ ਨੇ ਕਿਹਾ ਏ ਕਿ 2026 ਦੀ ਪਹਿਲੀ ਤਿਮਾਹੀ ਵਿੱਚ ਭਾਰਤ ਦੀ ਅਸਲ ਜੀਡੀਪੀ ਵਿਕਾਸ ਦਰ ਸਾਲਾਨਾ ਆਧਾਰ 'ਤੇ 8.2 ਫੀਸਦੀ ਸੀ, ਜਿਹੜੀ ਕਿ 2025 ਵਿੱਚ 7.3 ਫੀਸਦੀ ਸੀ। ਇਹ ਮਜ਼ਬੂਤ ਨਿੱਜੀ ਖਪਤ, ਨਿਵੇਸ਼, ਬੁਨਿਆਦੀ ਢਾਂਚੇ 'ਤੇ ਨਿਰੰਤਰ ਸਰਕਾਰੀ

ਖਰਚ, ਮਜ਼ਬੂਤ ਸੇਵਾ ਖੇਤਰ ਅਤੇ ਨਿੱਜੀ ਨਿਵੇਸ਼ ਵਿੱਚ ਵਾਧੇ ਤੋਂ ਪ੍ਰੇਰਿਤ ਸੀ। ਹਾਲਾਂਕਿ, ਏਜੰਸੀ ਨੇ ਚੇਤਾਵਨੀ ਦਿੱਤੀ ਕਿ ਐਲ ਨੀਨੋ ਨਾਲ ਸਬੰਧਤ ਰੁਕਾਵਟਾਂ ਭੋਜਨ ਦੀਆਂ ਕੀਮਤਾਂ ਵਿੱਚ ਵਾਧਾ ਕਰ ਸਕਦੀਆਂ ਨੇ ਅਤੇ ਨਿੱਜੀ ਖਪਤ ਨੂੰ ਪ੍ਰਭਾਵਤ ਕਰ ਸਕਦੀਆਂ ਨੇ।

------------------------------------------------------------

ਭਾਰਤ ਨੇ ਫਲਸਤੀਨ ਦੇ ਰਾਸ਼ਟਰਪਤੀ ਮਹਿਮੂਦ ਅੱਬਾਸ ਨੂੰ ਅਗਲੇ ਹਫ਼ਤੇ ਅਮਰੀਕਾ ਦੇ ਨਿਊਯਾਰਕ ਵਿੱਚ ਹੋਣ ਵਾਲੀ ਸੰਯੁਕਤ ਰਾਸ਼ਟਰ ਮਹਾਸਭਾ, UNGA ਦੀ ਉੱਚ-ਪੱਧਰੀ ਮੀਟਿੰਗ ਨੂੰ ਵੀਡੀਓ ਰਾਹੀਂ ਸੰਬੋਧਨ ਕਰਨ ਦੀ ਇਜਾਜ਼ਤ ਦੇਣ ਦੇ ਮਤੇ ਦੇ ਹੱਕ ਵਿੱਚ ਵੋਟ ਦਿੱਤੀ ਏ।

ਅਮਰੀਕਾ ਨੇ ਪਹਿਲਾਂ ਮਹਿਮੂਦ ਅੱਬਾਸ ਨੂੰ ਨਿਊਯਾਰਕ ਜਾਣ ਲਈ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਇਹ ਤਜਵੀਜ਼ ਕੱਲ੍ਹ ਭਾਰੀ ਬਹੁਮਤ ਨਾਲ ਪਾਸ ਹੋਈ। 152 ਦੇਸ਼ਾਂ ਨੇ ਇਸ ਦੇ ਹੱਕ ਵਿੱਚ ਵੋਟ ਦਿੱਤੀ, ਜਦੋਂ ਕਿ ਅਮਰੀਕਾ, ਇਜ਼ਰਾਈਲ ਅਤੇ ਪੈਰਾਗੁਏ ਨੇ ਇਸਦੇ ਖਿਲਾਫ ਵੋਟ ਦਿੱਤੀ ਅਤੇ ਚਾਰ ਦੇਸ਼ ਵੋਟਿੰਗ ਤੋਂ ਦੂਰ ਰਹੇ।

ਅਮਰੀਕਾ ਦੇ ਉਪ ਸਥਾਈ ਪ੍ਰਤੀਨਿਧੀ, ਟੈਮੀ ਬਰੂਸ ਨੇ ਵੀਡੀਓ ਰਾਹੀਂ ਸੰਬੋਧਨ ਦੀ ਇਜਾਜ਼ਤ ਦੇਣ ਦਾ ਬਚਾਅ ਕਰਦਿਆਂ, ਫਲਸਤੀਨ 'ਤੇ ਦਹਿਸ਼ਤਗਰਦੀ ਨੂੰ ਨਾ ਛੱਡਣ ਦਾ ਇਲਜ਼ਾਮ ਲਗਾਇਆ। ਇਸ ਦੌਰਾਨ, ਫਲਸਤੀਨ ਦੇ ਸਥਾਈ ਆਬਜ਼ਰਵਰ, ਰਿਆਦ ਮਨਸੂਰ ਨੇ ਸ਼ਾਂਤੀ ਅਤੇ ਸੁਰੱਖਿਆ ਨਾਲ ਇਜ਼ਰਾਈਲ ਦੇ ਹੋਂਦ ਦੇ ਅਧਿਕਾਰ ਪ੍ਰਤੀ ਵਚਨਬੱਧਤਾ

ਦੁਹਰਾਈ। ਚੀਨ ਅਤੇ ਰੂਸ ਨੇ ਵੀ ਅੱਬਾਸ ਨੂੰ ਵੀਜ਼ਾ ਨਾ ਦੇਣ ਦੇ ਅਮਰੀਕੀ ਫੈਸਲੇ ਦੀ ਆਲੋਚਨਾ ਕੀਤੀ।

-----------------------------------------------------------------

ਭਾਰਤ ਅਤੇ ਨੇਪਾਲ ਨੇ ਦੋਵਾਂ ਦੇਸ਼ਾਂ ਦੇ ਉਤਪਾਦਾਂ ਲਈ, ਬਾਜ਼ਾਰ ਪਹੁੰਚ ਵਧਾਉਣ ਸਬੰਧੀ ਉਪਾਵਾਂ 'ਤੇ ਵਿਚਾਰ-ਵਟਾਂਦਰਾ ਕੀਤਾ ਏ। ਵਣਜ ਅਤੇ ਉਦਯੋਗ ਮੰਤਰਾਲੇ ਨੇ ਦੱਸਿਆ ਕਿ ਅਣਅਧਿਕਾਰਤ ਵਪਾਰ ਨੂੰ ਕੰਟਰੋਲ ਕਰਨ ਲਈ, ਵਪਾਰ, ਆਵਾਜਾਈ ਅਤੇ ਸਹਿਯੋਗ 'ਤੇ ਅੰਤਰ-ਸਰਕਾਰੀ ਉਪ-ਕਮੇਟੀ ਦੀ ਕੱਲ੍ਹ ਖਤਮ ਹੋਈ ਦੋ-ਰੋਜ਼ਾ ਮੀਟਿੰਗ ਦੌਰਾਨ, ਵੱਖ-ਵੱਖ ਮੁੱਦਿਆਂ ਦੀ ਸਮੀਖਿਆ ਕੀਤੀ ਗਈ। ਇਸ ਵਿੱਚ ਬਾਜ਼ਾਰ ਪਹੁੰਚ, ਕਸਟਮ ਅਤੇ ਵਪਾਰ ਸਹੂਲਤ, ਮਿਆਰ, ਖੁਰਾਕ ਸੁਰੱਖਿਆ, ਸਰਹੱਦੀ ਬੁਨਿਆਦੀ ਢਾਂਚਾ, ਰੇਲ, ਸੜਕ ਸੰਪਰਕ ਅਤੇ ਵਪਾਰ ਨਾਲ ਸਬੰਧਤ ਹੋਰ ਮੁੱਦਿਆਂ 'ਤੇ ਵੀ ਚਰਚਾ ਕੀਤੀ ਗਈ।

-----------------------------------------------------------------

ਉੱਤਰੀ ਫੌਜ ਦੇ ਕਮਾਂਡਰ ਲੈਫਟੀਨੈਂਟ ਜਨਰਲ ਪ੍ਰਤੀਕ ਸ਼ਰਮਾ ਨੇ ਜੰਮੂ ਅਤੇ ਕਸ਼ਮੀਰ ਦੇ ਊਧਮਪੁਰ ਵਿੱਚ ਆਪ੍ਰੇਸ਼ਨ ਸੋਹਨ ਦੌਰਾਨ ਦੋ ਜੈਸ਼ ਅੱਤਵਾਦੀਆਂ ਨੂੰ ਖਤਮ ਕਰਨ ਲਈ ਵ੍ਹਾਈਟ ਨਾਈਟ ਕੋਰ ਦੀ ਸ਼ਲਾਘਾ ਕੀਤੀ ਏ।

ਊਧਮਪੁਰ ਜ਼ਿਲ੍ਹੇ ਦੇ ਮਜਲਤਾ ਇਲਾਕੇ ਵਿੱਚ ਜੰਮੂ- ਕਸ਼ਮੀਰ ਪੁਲਿਸ ਅਤੇ ਸੀਆਰਪੀਐੱਫ ਦੇ ਸਹਿਯੋਗ ਨਾਲ ਕੀਤੇ ਗਏ ਇਸ ਆਪ੍ਰੇਸ਼ਨ ਨੇ ਅੱਤਵਾਦ ਦਾ ਮੁਕਾਬਲਾ ਕਰਨ ਵਿੱਚ ਸਾਂਝੇ ਅੰਤਰ-ਏਜੰਸੀ ਤਾਲਮੇਲ ਦੀ ਤਾਕਤ ਦਾ ਪ੍ਰਦਰਸ਼ਨ ਕੀਤਾ ਏ।

--------------------------------------------------------

ਭਾਰਤ ਨੇ ਜਾਪਾਨ ਦੇ ਨਿਸ਼ਿਨ ਵਿੱਚ ਏਸ਼ੀਅਨ ਖੇਡਾਂ ਦੇ ਮਹਿਲਾ ਕ੍ਰਿਕਟ ਕੁਆਰਟਰ ਫਾਈਨਲ ਵਿੱਚ, ਜਾਪਾਨ ਨੂੰ 8 ਵਿਕਟਾਂ ਨਾਲ ਹਰਾ ਦਿੱਤਾ ਏ।

ਭਾਰਤ ਨੇ ਸ਼ਾਨਦਾਰ ਗੇਂਦਬਾਜ਼ੀ ਕਰਦਿਆਂ ਜਾਪਾਨ ਦੀ ਟੀਮ ਨੂੰ 19.5 ਓਵਰਾਂ ਵਿੱਚ, ਸਿਰਫ਼ 57 ਦੌੜਾਂ 'ਤੇ ਆਊਟ ਕਰ ਦਿੱਤਾ। ਸ੍ਰੀ ਚਰਨੀ ਨੇ 10 ਦੌੜਾਂ ਦੇ ਕੇ 4 ਵਿਕਟਾਂ ਹਾਸਿਲ ਕੀਤੀਆਂ ਅਤੇ ਸ਼ਫਾਲੀ ਵਰਮਾ ਨੇ 13 ਦੌੜਾਂ ਦੇ ਕੇ 2 ਵਿਕਟਾਂ ਹਾਸਲ ਕੀਤੀਆਂ।

ਭਾਰਤ ਨੇ 58 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ, ਸਿਰਫ਼ ਪੰਜ ਓਵਰਾਂ ਵਿੱਚ 59 ਦੌੜਾਂ ਬਣਾ ਕੇ 90 ਗੇਂਦਾਂ ਬਾਕੀ ਰਹਿੰਦਿਆਂ ਹੀ ਜਿੱਤ ਦਰਜ ਕੀਤੀ। ਸ਼ਫਾਲੀ ਵਰਮਾ ਨੇ 15 ਗੇਂਦਾਂ ਵਿੱਚ ਨਾਬਾਦ 40 ਦੌੜਾਂ ਬਣਾਈਆਂ, ਜਦਕਿ ਰਿਚਾ ਘੋਸ਼, 6 ਗੇਂਦਾਂ ਵਿੱਚ 12 ਦੌੜਾਂ ਬਣਾ ਕੇ ਨਾਬਾਦ ਰਹੀ।

ਹੁਣ ਸੈਮੀਫਾਈਨਲ ਵਿੱਚ, ਐਤਵਾਰ ਨੂੰ ਭਾਰਤ ਦਾ ਮੁਕਾਬਲਾ ਬੰਗਲਾਦੇਸ਼ ਨਾਲ ਹੋਵੇਗਾ।

---

- ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਭੂਟਾਨ ਦੇ ਵਿਕਾਸ ਸੰਬੰਧੀ ਟੀਚਿਆਂ ਅਤੇ ਤਰਜੀਹਾਂ ਪ੍ਰਤੀ ਭਾਰਤ ਦੇ ਸਮਰਥਨ ਦੀ ਪੁਸ਼ਟੀ ਕੀਤੀ ਏ।

- ਘੱਟ ਗਿਣਤੀ ਮਾਮਲਿਆਂ ਬਾਰੇ ਕੇਂਦਰੀ ਮੰਤਰੀ ਕਿਰੇਨ ਰਿਜੀਜੂ ਨੇ ਨਾਗਰਿਕਾਂ ਨੂੰ ਇੱਕ ਖੁਸ਼ਹਾਲ, ਮਜ਼ਬੂਤ ਅਤੇ ਵਿਕਸਿਤ ਭਾਰਤ ਦੇ ਨਿਰਮਾਣ ਲਈ ਆਪਣੇ ਆਪ ਨੂੰ ਸਮਰਪਿਤ ਕਰਨ ਦਾ ਸੱਦਾ ਦਿੱਤਾ ਏ।

- ਭਾਰਤੀ ਜਨਤਾ ਪਾਰਟੀ ਅੱਜ ਤੋਂ ਪੂਰੇ ਪੰਜਾਬ ਵਿੱਚ ਨਸ਼ਾ ਮੁਕਤ ਪੰਜਾਬ ਯਾਤਰਾਵਾਂ ਸ਼ੁਰੂ ਕਰ ਰਹੀ ਏ।

- ਆਲਮੀ ਰੇਟਿੰਗ ਏਜੰਸੀ, ਮੂਡੀਜ਼ ਨੇ ਮੌਜੂਦਾ ਵਿੱਤੀ ਸਾਲ ਲਈ, ਭਾਰਤ ਦੀ ਅਸਲ ਜੀ.ਡੀ.ਪੀ ਵਿਕਾਸ ਦਰ ਅਨੁਮਾਨ ਨੂੰ 6 ਫ਼ੀਸਦੀ ਤੋਂ ਵਧਾ ਕੇ, 7 ਫ਼ੀਸਦੀ ਕਰ ਦਿੱਤਾ ਏ।

- ਭਾਰਤ, ਜਾਪਾਨ ਨੂੰ 8 ਵਿਕਟਾਂ ਨਾਲ ਹਰਾ ਕੇ, ਏਸ਼ੀਅਨ ਖੇਡਾਂ ਦੇ ਮਹਿਲਾ ਕ੍ਰਿਕੇਟ ਦੇ ਸੈਮੀਫਾਈਨਲ ਵਿੱਚ ਪਹੁੰਚ ਗਿਆ ਏ।

-----------------------------------------------------------

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ, ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਸ਼ਾਮ 6 ਵਜ ਕੇ 20 ਮਿੰਟ 'ਤੇ ਹੋਏਗਾ. ਨਮਸਕਾਰ!**